Language Code : **15**

इस पुस्तिका में **16** मुद्रित पृष्ठ हैं।
This booklet contains **16** Printed pages.

# JSS-24-II

**प्रश्न-पत्र-II / PAPER-II**
**पंजाबी भाषा परिशिष्ट**
**Punjabi Language Supplement**
**भाग-IV & V / PART-IV & V**

**मुख्य परीक्षा पुस्तिका संख्या / Main Test Booklet No.**

**मुख्य परीक्षा पुस्तिका कोड / Main Test Booklet Code**

**I**

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 15 व 16) पर दिए निर्देशों को ध्यान से पढ़ें।**
**Read carefully the Instructions on the Back Cover (Page 15 & 16) of this Test Booklet.**

**पंजाबी में निर्देशों के लिए इस पुस्तिका का पृष्ठ 2 देखें। / FOR INSTRUCTIONS IN PUNJABI SEE PAGE 2 OF THIS BOOKLET.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें।
5. इस भाषा पुस्तिका का **संकेत** है **I**। यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं। इस परीक्षा पुस्तिका में केवल पंजाबी भाषा से संबंधित प्रश्न दिए गए हैं। **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा-I (भाग-IV) में चुनी गई भाषा से भिन्न हो।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

## INSTRUCTIONS FOR CANDIDATES

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page/marking responses in the Answer Sheet.
5. The CODE for this Language Booklet is **I**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capitals) :
अनुक्रमांक : (अंकों में) / Roll Number : in figures ____________________
: शब्दों में / in words ____________________
परीक्षा केन्द्र (बड़े अक्षरों में) : ____________________
Centre of Examination (in Capitals) :
परीक्षार्थी के हस्ताक्षर : ____________________ निरीक्षक के हस्ताक्षर : ____________________
Candidate's Signature : Invigilator's Signature :
Facsimile Signature Stamp of
Centre Superintendent : ____________________

Language Code : **15**

ਇਸ ਪੁਸਤਿਕਾ ਵਿੱਚ 16 ਪੰਨੇ ਹਨ।

# JSS-24-II

**ਪੇਪਰ–II**

**ਪੰਜਾਬੀ ਭਾਸ਼ਾ ਪੂਰਕ**

**ਭਾਗ IV & V**

**ਪਰੀਖਿਆ ਪੁਸਤਿਕਾ ਸੰਕੇਤ**

**I**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (15 & 16) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀ ਅਲਗ ਤੋਂ ਮੰਗ ਸਕਦੇ ਹੋ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ 'ਤੇ ਨਿਸ਼ਾਨ ਲਗਾਉਣ **ਲਈ ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **I**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਨਿਸ਼ਠ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:

   ਭਾਗ IV : ਭਾਸ਼ਾ I – (ਪੰਜਾਬੀ) (ਪ੍ਰ. 91 ਤੋਂ ਪ੍ਰ. 120)

   ਭਾਗ V : ਭਾਸ਼ਾ II – (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ। ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐੱਮ, ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅੱਖਰਾਂ ਵਿੱਚ) : ______________________________

ਰੋਲ ਨੰਬਰ : ਅੰਕਾਂ ਵਿੱਚ ______________________________

: ਸ਼ਬਦਾਂ ਵਿੱਚ ______________________________

ਪਰੀਖਿਆ ਕੇਂਦਰ (ਵੱਡੇ ਅੱਖਰਾਂ ਵਿੱਚ): ______________________________

ਪਰੀਖਿਆਰਥੀ ਦੇ ਦਸਤਖ਼ਤ : ________________ ਨਿਰੀਖਿਅਕ ਦੇ ਦਸਤਖ਼ਤ : ________________

Facsimile signature stamp of
Centre Superintendent : ______________________________

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part-IV (Q.No. 91-120)**, if they have opted **PUNJABI** as **Language-I** only. →

## PART-IV

## LANGUAGE-I

## PUNJABI

| |
|---|
| ਉਮੀਦਵਾਰ **ਭਾਗ-IV** ਦੇ ਪ੍ਰਸ਼ਨ (**ਪ੍ਰ.ਨੰ. 91-120**) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ। |

**ਨਿਰਦੇਸ਼: ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (91-99) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ:**

'ਪਾਣੀ ਵਾਰ ਨੀ ਬੰਨੇ ਦੀਏ ਮਾਏਂ, ਬੰਨਾ ਬੰਨੀ ਬਾਹਰ ਖੜ੍ਹੇ', 'ਪਾਣੀ ਵਾਰਨਾ' ਲਾੜੀ ਦਾ ਸੁਆਗਤ ਹੈ, ਸ਼ੁਭ ਕਾਮਨਾ ਹੈ। ਦਵਾਰ ਪ੍ਰਵੇਸ਼ ਦੀ ਪ੍ਰਵਾਨਗੀ ਹੈ। ਸੱਸ ਨਿਯਮਾਂ ਅਨੁਸਾਰ ਘਰ ਦੀ ਮੁਖੀ ਹੁੰਦੀ ਹੈ। ਉਸ ਨੂੰ ਇਹ ਖ਼ੁਸ਼ਗਵਾਰ ਕਾਰਜ ਸੌਂਪਿਆ ਜਾਂਦਾ ਹੈ ਕਿ ਉਹ 'ਨਵੀ ਪੀੜ੍ਹੀ ਦੀ ਸੰਚਾਲਕ' ਔਰਤ ਨੂੰ ਜੀ ਆਇਆਂ ਕਹਿਣ ਲਈ ਖ਼ੁਦ ਦਹਿਲੀਜ਼ਾਂ ਤੱਕ ਚੱਲ ਕੇ ਜਾਏ। ਲਾੜੀ ਨੂੰ ਖ਼ੁਦ ਅੰਦਰ ਲਿਆ ਕੇ ਉਹ ਘਰ ਦੀ ਕਾਰ ਮੁਖਤਿਆਰ ਬਣਾਉਂਦੀ ਹੈ। ਜੇ ਮਾਂ ਵਹੁਟੀ ਨੂੰ ਘਰ ਅੰਦਰ ਪ੍ਰਵੇਸ਼ ਕਰਨ ਤੋਂ ਰੋਕ ਦੇਵੇ ਕਿ ਘਰ ਵਿੱਚ ਮੇਰੇ ਹੁੰਦੇ ਕੋਈ ਦੂਸਰੀ ਔਰਤ ਪ੍ਰਵੇਸ਼ ਨਹੀਂ ਕਰ ਸਕੇਗੀ, ਤਾਂ ਨਿਸ਼ਚੇ ਹੀ ਉਸ ਪਰਿਵਾਰ ਦਾ ਵੰਸ਼ ਖ਼ਤਮ ਹੋ ਜਾਵੇਗਾ। ਇਸ ਲਈ ਮਾਂ ਇਸ ਕਾਰਜ ਵਿੱਚ ਮੋਹਰੀ ਵਾਲੀ ਭੂਮਿਕਾ ਨਿਭਾਉਂਦੀ ਹੈ । ਉਹ ਆਪਣਾ ਸਮਾਂ ਗੁਜ਼ਾਰਨ ਉਪਰੰਤ ਨੂੰਹ ਨੂੰ ਸਾਰੇ ਕਾਰਜ ਸੌਂਪ ਦਿੰਦੀ ਹੈ।

ਭੈਣ ਬਾਬਲ ਦਾ ਵਿਹੜਾ ਹਰਿਆ ਭਰਿਆ ਦੇਖਣ ਦੀ ਚਾਹਵਾਨ ਹੁੰਦੀ ਹੈ। ਵੀਰ ਦੀ ਸ਼ਾਦੀ ਨਾਲ ਉਸ ਦੇ ਬਾਬਲੇ ਦੀ ਜੜ੍ਹ ਲੱਗਦੀ ਹੈ । ਉਸ ਦਾ ਵੰਸ਼ ਚੱਲਦਾ ਹੈ। ਉਸ ਦਾ ਜੱਗ 'ਤੇ ਨਾਂ ਰਹਿੰਦਾ ਹੈ । ਇਸੇ ਲਈ ਭੈਣ ਜਲਦੀ ਹੀ ਭਰਜਾਈ ਕੋਲੋਂ 'ਗੀਗੇ' ਦੀ ਕਾਮਨਾ ਕਰਦੀ ਹੈ। ਇਸੇ ਕਾਮਨਾ ਸਦਕਾ ਹੀ ਉਸ ਦਾ ਘਰ ਵਿੱਚ ਇੱਜ਼ਤ ਮਾਣ ਹੁੰਦਾ ਹੈ । ਭੈਣ ਨੇ ਭਰਾ ਦੇ ਬੱਚਿਆਂ ਦੀ ਭੂਆ ਬਣਨਾ ਹੁੰਦਾ ਹੈ ਤੇ ਭਰਾ ਨੇ ਭੈਣ ਦੇ ਬੱਚਿਆਂ ਦਾ ਮਾਮਾ ਬਣਨਾ ਹੈ। ਮਾਮੇ ਮਾਮੀ ਹੀ ਨਾਨਕੀ ਧਿਰ ਦਾ ਪੱਖ ਨਿਭਾਉਂਦੇ ਹਨ । ਛੱਕ ਭਰਨ, ਸ਼ੁਸਕ ਦੇਣ, ਕੁੜਮਾਂ ਦੀ ਮਿਲਣੀ ਕਰਨ ਵਰਗੇ ਕਾਰਜ ਨਾਨਕੇ ਹੀ ਭੁਗਤਾਉਂਦੇ ਹਨ। ਵਿਆਹ ਸ਼ਾਦੀ ਦੇ ਸਮੇਂ ਹੀ ਨਹੀਂ ਸਗੋਂ ਸਮੁੱਚੇ ਜੀਵਨ ਦੌਰਾਨ ਨਾਨਕੇ ਦਾਦਕਿਆਂ ਦੇ ਨੇੜੇ-ਤੇੜੇ ਦੀ ਹੀ ਭੂਮਿਕਾ ਨਿਭਾਉਂਦੇ ਹਨ । ਸੋ ਭੈਣ ਭਰਾ ਦੇ ਵਿਆਹ ਦੀ ਸੁੱਖ ਇਸੇ ਲਈ ਮਨਾਉਂਦੀ ਹੈ, ਕਿਉਂਕਿ ਉਹ ਬਾਬਲ ਦੇ ਵਿਹੜੇ ਨੂੰ ਹਮੇਸ਼ਾ ਹਰਿਆ ਭਰਿਆ ਵੇਖਣਾ ਲੋਚਦੀ ਹੈ।

**91.** ਨਾਨਕੇ ਕਿਹੜਾ ਕਾਰਜ ਨਹੀਂ ਨਿਭਾਉਂਦੇ?

(1) ਪਾਣੀ ਵਾਰਨਾ
(2) ਸ਼ੁਸ਼ਕ ਦੇਣਾ
(3) ਕੁੜਮਾਂ ਦੀ ਮਿਲਣੀ ਕਰਾਉਣੀ
(4) ਛੱਕ ਭਰਨੀ

**92.** 'ਬਾਬਲ' ਤੋਂ ਕੀ ਭਾਵ ਹੈ?

(1) ਸਹੁਰਾ (2) ਜੇਠ (3) ਪਿਤਾ (4) ਦਿਉਰ

**93.** ਬਾਬਲ ਦੇ ਵਿਹੜੇ ਨੂੰ ਹਮੇਸ਼ਾ ਹਰਿਆ-ਭਰਿਆ ਵੇਖਣ ਦੀ ਚਾਹਤ ਕਿਸ ਦੀ ਹੁੰਦੀ ਹੈ?

(1) ਸਹੁਰਾ (2) ਪੁੱਤਰ (3) ਧੀ (4) ਫੁੱਫੜ

**94.** ਭੈਣ ਦੇ ਬੱਚਿਆਂ ਦਾ ਮਾਮਾ ਕੌਣ ਬਣਦਾ ਹੈ?

(1) ਫੁੱਫੜ (2) ਜੀਜਾ (3) ਭਰਾ (4) ਮਾਸੜ

**95.** 'ਪਾਣੀ' ਕੌਣ ਵਾਰਦਾ ਹੈ?

(1) ਭਰਜਾਈ (2) ਸੱਸ (3) ਸਹੁਰਾ (4) ਭੈਣ

**96.** 'ਮੋਹਰੀ' ਦਾ ਵਿਰੋਧੀ ਸ਼ਬਦ ਚੁਣੋ :

(1) ਅਗਲੇਰੀ (2) ਪਹਿਲੀ (3) ਪ੍ਰਥਮ (4) ਪਿਛਲੇਰੀ

97. ਬੱਚਿਆਂ ਦੀ ਭੂਆ ਕੌਣ ਹੰਦੀ ਹੈ?
(1) ਪਿਤਾ ਦੀ ਮਾਸੀ (2) ਪਿਤਾ ਦੀ ਭੈਣ (3) ਮਾਂ ਦੀ ਮਾਮੀ (4) ਭਰਾ ਦੀ ਵਹੁਟੀ

98. ਨਾਨਕਿਆਂ ਵਿਚ ਕਿਹੜੇ ਰਿਸ਼ਤੇ ਆਉਂਦੇ ਹਨ?
(1) ਮਾਮਾ-ਮਾਮੀ (2) ਦਾਦਾ-ਦਾਦੀ (3) ਤਾਇਆ-ਤਾਈ (4) ਚਾਚਾ-ਚਾਚੀ

99. ਸੱਸ ਸਾਰੇ ਕੰਮ ਕਿਸ ਨੂੰ ਸੌਂਪ ਦਿੰਦੀ ਹੈ ?
(1) ਜੇਠਾਣੀ ਨੂੰ (2) ਧੀ ਨੂੰ (3) ਸੱਸ ਨੂੰ (4) ਨੂੰਹ ਨੂੰ

**ਨਿਰਦੇਸ਼: ਹੇਠ ਲਿਖੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (100-105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ:**

ਹੀਰ ਆਖਦੀ ਜੋਗੀਆ ਝੂਠ ਆਖੇਂ, ਕੌਣ ਰੁਠੜੇ ਯਾਰ ਮਿਲਾਂਵਦਾ ਈ।
ਏਹਾ ਕੋਈ ਨਾ ਮਿਲਿਆ ਮੈਂ ਭਾਲ ਥੱਕੀ, ਜਿਹੜਾ ਗਿਆ ਨੂੰ ਮੋੜ ਲਿਆਂਵਦਾ ਈ।
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਜੋਗੀ, ਜਿਹੜਾ ਜੀਊ ਦਾ ਰੋਗ ਗਵਾਂਵਦਾ ਈ।
ਭਲਾ ਦੱਸ ਖਾਂ ਚਿਰੀ ਵਿਛੁੰਨਿਆ ਨੂੰ, ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ।
ਭਲਾ ਮੋਏ ਤੇ ਵਿੱਛੜੇ ਕੌਣ ਮੇਲੇ, ਐਵੇਂ ਜੀਊੜਾ ਲੋਕ ਵਿਲਾਂਵਦਾ ਈ।
ਇਕ ਬਾਜ਼ ਥੋਂ ਕਾਉਂ ਨੇ ਕੂੰਜ ਖੋਹੀ, ਵੇਖਾਂ ਚੁੱਪ ਹੈ ਕਿ ਕੁਰਲਾਂਵਦਾ ਈ।
ਇਕ ਜੱਟ ਦੇ ਖੇਤ ਨੂੰ ਅੱਗ ਲੱਗੀ, ਵੇਖਾਂ ਆਇ ਕੇ ਕਦੋਂ ਬੁਝਾਂਵਦਾ ਈ।
ਦਿਆਂ ਘਿਉ ਦੀਆਂ ਚੂਰੀਆਂ, ਬਾਲ ਦੀਵੇ ਵਾਰਿਸਸ਼ਾਹ ਜੇ ਸੁਣਾਂ ਮੈਂ ਆਂਵਦਾ ਈ।

100. ਹੀਰ ਕਿਸ ਦੀ ਤਲਾਸ਼ ਵਿੱਚ ਹੈ?
(1) ਜੱਟ ਦੀ (2) ਕੂੰਜ ਦੀ (3) ਪਿਆਰੇ ਦੀ (4) ਬਾਜ਼ ਦੀ

101. ਉਪਰੋਕਤ ਕਾਵਿ-ਟੁੱਕੜੀ ਕਿਹੜੇ ਕਿੱਸੇ ਵਿੱਚੋਂ ਲਈ ਗਈ ਹੈ?
(1) ਸੋਹਣੀ-ਮਹੀਵਾਲ (2) ਸੱਸੀ-ਪੁਨੂੰ (3) ਮਿਰਜ਼ਾ-ਸਾਹਿਬਾਂ (4) ਹੀਰ

102. 'ਵਿਲਾਂਵਦਾ' ਸ਼ਬਦ ਤੋਂ ਕੀ ਭਾਵ ਹੈ ?
(1) ਨਫ਼ਰਤ ਕਰਦਾ (2) ਪਰਚਾਉਂਦਾ (3) ਝਿੜਕਦਾ (4) ਘੇਰ ਕੇ ਮਾਰਦਾ

103. ਉਪਰੋਕਤ ਕਾਵਿ-ਸਤਰਾਂ ਦੇ ਕਿੱਸਾਕਾਰ ਦਾ ਨਾਂ ਦੱਸੋ।
(1) ਪੀਲੂ (2) ਮੁਕਬਲ (3) ਵਾਰਿਸ਼ ਸ਼ਾਹ (4) ਹਾਫ਼ਿਜ਼ ਬਰਖ਼ੁਰਦਾਰ

104. 'ਦਿਆਂ ਘਿਉ ਦੀਆਂ ਚੂਰੀਆਂ, ਬਾਲ ਦੀਵੇ' ਕਿਹੜੇ ਮਾਹੌਲ ਵੱਲ ਸੰਕੇਤ ਕਰਦਾ ਹੈ?
(1) ਉਦਾਸੀ ਵਾਲਾ (2) ਖ਼ੁਸ਼ਨੁਮਾ (3) ਨਿਰਾਸ਼ਾਜਨਕ (4) ਕਤਲੋ-ਗਾਰਤ

105. ਇਸ ਕਾਵਿ-ਟੁੱਕੜੀ ਵਿੱਚ ਕੂੰਜ ਕਿਸ ਨੂੰ ਕਿਹਾ ਗਿਆ ਹੈ?
(1) ਹੀਰ ਨੂੰ (2) ਜੋਗੀ ਨੂੰ (3) ਸਹਿਤੀ ਨੂੰ (4) ਵਾਰਿਸ ਨੂੰ

**106.** ਅਧਿਆਪਕਾਂ, ਸਿਖਿਆਰਥੀਆਂ ਅਤੇ ਸਮੱਗਰੀਆਂ ਉੱਤੇ ਟੈਸਟਾਂ ਅਤੇ ਮੁਲਾਂਕਣਾਂ ਦੇ ਅਸਰ ਨੂੰ ਕਹਿੰਦੇ ਹਨ :

(1) ਕੌਰਪਸ ਇਫ਼ੈਕਟ (2) ਵਾਸ਼ਬੈਕ ਇਫ਼ੈਕਟ (3) ਕਲਾਸਰੂਮ ਇਫ਼ੈਕਟ (4) ਬਲ

**107.** ਸਕੂਲਾਂ ਨੂੰ ਯੋਜਕ ਬਹੁਭਾਸ਼ਾਵਾਦ ਨੂੰ ਅਪਨਾਉਣਾ ਚਾਹੀਦਾ ਹੈ, ਕਿਉਂਕਿ ਇਹ :

(1) ਬੱਚੇ ਦੇ ਸੱਭਿਆਚਾਰ ਤੇ ਭਾਸ਼ਾ ਦੀ ਕਦਰ ਕਰਦਾ ਹੈ।

(2) ਇਕ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਪੜ੍ਹਾਉਣ ਨੂੰ ਮਹੱਤਵ ਦਿੰਦਾ ਹੈ।

(3) ਬੱਚੇ ਦੀ ਭਾਸ਼ਾ ਦਾ ਵਿਕਾਸ ਕਰਦਾ ਹੈ, ਪਰ ਸੱਭਿਆਚਾਰ ਦਾ ਵਿਕਾਸ ਨਹੀਂ ਕਰਦਾ।

(4) ਪਹਿਲੀ ਭਾਸ਼ਾ ਦੇ ਵਿਕਾਸ ਵਿੱਚ ਰੁਕਾਵਟ ਬਣਦਾ ਹੈ।

**108.** ਅਲਾਪ, ਟੋਨ, ਦਬਾਅ ਅਤੇ ਰਿਧਮ ਵਰਗੇ ਭਾਸ਼ਾ ਵਿਗਿਆਨ ਦੇ ਕਾਰਜਾਂ ਨੂੰ ਕਿਹਾ ਜਾਂਦਾ ਹੈ :

(1) ਕਵਿਤਾ (2) ਪਿੰਗਲ (3) ਫ਼ੋਨੈਟਿਕ (4) ਪਰੈਗਮੈਟਿਕਸ

**109.** ਹੇਠ ਲਿਖਿਆਂ ਵਿਚੋਂ ਕਿਹੜਾ ਬਿਆਨ ਭਾਰਤ ਵਿੱਚ ਭਾਸ਼ਾਵਾਂ ਬਾਰੇ ਸਹੀ ਨਹੀਂ ਹੈ?

(1) ਭਾਰਤੀ ਸੰਵਿਧਾਨ ਅਨੁਸਾਰ, ਅੰਗਰੇਜ਼ੀ ਸਹਾਇਕ ਸਮੱਗਰੀ ਭਾਸ਼ਾ ਹੈ।

(2) ਭਾਰਤੀ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਦੀ ਸੂਚੀ ਅਨੁਸਾਰ ਇਥੇ 22 ਭਾਸ਼ਾਵਾਂ ਹਨ।

(3) ਸੰਸਕ੍ਰਿਤ ਆਧੁਨਿਕ ਭਾਰਤੀ ਭਾਸ਼ਾ ਹੈ।

(4) ਹਿੰਦੀ ਭਾਰਤੀ ਉਪ ਮਹਾਂਦੀਪ ਦੀ ਸੰਪਰਕ ਭਾਸ਼ਾ ਹੈ।

**110.** ਭਾਸ਼ਾ ਦੀ ਇਕ ਜਮਾਤ ਵਿੱਚ ਇਕ ਅਧਿਆਪਕ ਦੀ ਨਿਗਰਾਨੀ ਵਿੱਚ ਹੇਠਲੇ ਸਮੂਹ ਦੇ ਵਿਦਿਆਰਥੀ ਇਕ ਦਿੱਤੇ ਗਏ ਵਿਸ਼ੇ ਉੱਤੇ ਇਸ਼ਤਿਹਾਰ ਦੀ ਪੇਸ਼ਕਾਰੀ ਕਰਦੇ ਹਨ। ਇਸ ਤਰੀਕੇ ਨਾਲ ਸਿੱਖੀ ਭਾਸ਼ਾ ਨੂੰ ਕਹਿੰਦੇ ਹਨ :

(1) ਮਿਲਵਰਤਣ ਵਾਲੀ ਸਿਖਲਾਈ (2) ਪ੍ਰਤੀਯੋਗਤਾ ਅਤੇ ਵਿਰੋਧ

(3) ਭਾਸ਼ਾ ਦੀਆਂ ਖੇਡਾਂ (4) ਗਾਈਡੈਂਸ ਤੇ ਕੌਂਸਲਿੰਗ

**111.** ਇਕ ਅਧਿਆਪਕ ਸਿਖਿਆਰਥੀਆਂ ਨੂੰ ਰੈਸਟੋਰੈਂਟਾਂ ਵਿੱਚ ਵਰਤੀ ਜਾਣ ਵਾਲੀ ਸ਼ਬਦਾਵਲੀ ਤੋਂ ਜਾਣੂ ਕਰਾਉਣ ਲਈ ਇਕ ਟਾਸਕ ਦਿੰਦਾ ਹੈ। ਹੇਠ ਲਿਖਿਆਂ ਵਿੱਚੋਂ ਕਿਹੜਾ ਸਬਕ ਦਾ ਉਦੇਸ਼ ਹੈ?

(1) ਸਿਖਿਆਰਥੀਆਂ ਨੂੰ ਕੋਸ਼ੀ ਵਸਤਾਂ ਤੋਂ ਜਾਣੂ ਕਰਾਉਣਾ।

(2) ਵਿਆਕਰਨਕ ਵਸਤਾਂ ਤੋਂ ਜਾਣੂ ਕਰਾਉਣਾ।

(3) ਇਕ ਹੌਲੀਡੇ ਡੈਸਟੀਨੇਸ਼ਨ ਬਾਰੇ ਟੈਕਸਟ ਨੂੰ ਸ਼ੁਰੂ ਕਰਨਾ।

(4) ਆਲੋਚਨਾਤਮਕ ਚਿੰਤਨ ਵਿਕਸਿਤ ਕਰਨਾ।

**112.** ਸਿੱਖਿਆ ਦੇ ਕਿਹੜੇ ਸਕੂਲ ਦਾ ਮੰਨਣਾ ਹੈ ਕਿ ਭਾਸ਼ਾ, ਭਾਵੇਂ ਮੌਖਿਕ ਹੋਵੇ ਜਾਂ ਗੈਰ-ਮੌਖਿਕ, ਆਦਤ ਪਾਉਣ ਦੀ ਪ੍ਰਕਿਰਿਆ ਰਾਹੀਂ ਆਉਂਦੀ ਹੈ?

(1) ਫ਼ੰਕਸ਼ਨਲਿਸਟ (2) ਬੀਹੇਵੀਅਰਿਸਟ (3) ਕੌਗਨਿਟਵਿਸਟ (4) ਇਨਟਰੈਕਸ਼ਨਲਿਸਟ

**113.** ਕਹਾਣੀ ਦੇ ਸਮੇਂ ਤੇ ਸਥਾਨ ਨੂੰ ਕਹਿੰਦੇ ਹਨ :

(1) ਥੀਮ (2) ਸੈਟਿੰਗ (3) ਪਲਾੱਟ (4) ਸਿਖ਼ਰ

**114.** ਭਾਸ਼ਾ ਦੀ ਇਕ ਜਮਾਤ ਵਿਚ ਇਕ ਅਧਿਆਪਕ ਵਿਦਿਆਰਥੀਆਂ ਦੇ ਇਕ ਸਮੂਹ ਨੂੰ ਖ਼੍ਰੀਦਦਾਰ, ਪ੍ਰਾਪਰਟੀ ਡੀਲਰ, ਮਕਾਨ ਮਾਲਕ ਅਤੇ ਕਿਰਾਏਦਾਰਾਂ ਦੀ ਭੂਮਿਕਾ ਨਿਭਾਉਣ ਲਈ ਕਹਿੰਦਾ ਹੈ। ਜਦਕਿ ਦੂਜੇ ਵਿਦਿਆਰਥੀਆਂ ਨੂੰ ਉਨ੍ਹਾਂ ਨੂੰ ਵੇਖਣ ਅਤੇ ਉਨ੍ਹਾਂ ਦੀ ਵਾਰਤਾਲਾਪ ਦਾ ਆਨੰਦ ਮਾਣਨ ਲਈ ਕਹਿੰਦਾ ਹੈ । ਇਸ ਗਤੀਵਿਧੀ ਨੂੰ ਕਹਿੰਦੇ ਹਨ ____________।

(1) ਰੋਲ ਪਲੇਅ (2) ਡਰਾਮਾ (3) ਐਕਟਿੰਗ ਕਲਾਸ (4) ਗਾਈਡੈਂਸ

**115.** ਭਾਸ਼ਾ ਦਾ ਇਕ ਅਧਿਆਪਕ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਅਖ਼ਬਾਰਾਂ, ਮੀਨੂ ਕਾਰਡ ਅਤੇ ਗੱਡੀ ਦੀਆਂ ਟਿਕਟਾਂ ਵਰਗੀਆਂ ਵਸਤਾਂ ਰੋਜ਼ ਲੈ ਕੇ ਆਉਂਦਾ ਹੈ। ਸਿਖਲਾਈ ਲਈ ਉਹ ਕੀ ਕਰ ਰਿਹਾ ਹੈ?

(1) ਉਹ ਆਪਣੇ ਅਧਿਆਪਨ ਨੂੰ ਹੋਰ ਯਥਾਰਥਕ ਤੇ ਲਾਭਦਾਇਕ ਬਣਾਉਣ ਵਾਸਤੇ ਪ੍ਰਮਾਣਿਕ ਸਮੱਗਰੀ ਦੀ ਵਰਤੋਂ ਕਰ ਰਿਹਾ ਹੈ।

(2) ਉਹ ਆਪਣੇ ਵਿਦਿਆਰਥੀਆਂ ਦੀ ਬਹੁ-ਭਾਸ਼ਾਵਾਂ ਸਿੱਖਣ ਵਿਚ ਮਦਦ ਕਰ ਰਿਹਾ ਹੈ।

(3) ਉਹ ਚਾਹੁੰਦਾ ਹੈ ਕਿ ਉਸਦੇ ਵਿਦਿਆਰਥੀ ਅਸਲੀ ਜੀਵਨ ਦੀਆਂ ਹਾਲਤਾਂ ਰਾਹੀਂ ਅੰਗਰੇਜ਼ੀ ਸਿੱਖ ਜਾਣ।

(4) ਉਹ ਵਿਦਿਆਰਥੀਆਂ ਵਿਚ ਜਾਗਰੂਕਤਾ ਪੈਦਾ ਕਰ ਰਿਹਾ ਹੈ।

**116.** ਇਕ ਸ਼ਬਦ ਨੂੰ ਸੁਣਨ ਦੀ ਯੋਜਨਾ ਬਣਾਉਣ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਪੱਖ ਮਹੱਤਵਪੂਰਨ ਨਹੀਂ ਹੈ?

(1) ਰਿਕਾਰਡਿੰਗ ਨੂੰ ਰੋਕਣਾ (2) ਡਲਿਵਰੀ ਦੀ ਗਤੀ (3) ਸਪੀਕਰਾਂ ਦੀ ਲਿੰਗ (4) ਸਪੀਕਰਾਂ ਦੀ ਗਿਣਤੀ

**117.** ਭਾਰਤ ਵਿੱਚ ਬਹੁਭਾਸ਼ਾਵਾਦ ਅਧਿਆਪਕਾਂ ਨੂੰ ਸਮਝਣ ਦੇ ਯੋਗ ਬਣਾਉਂਦਾ ਹੈ :

(1) ਸੰਚਾਰ ਹੁੰਦਾ ਹੈ ਅਤੇ ਸਮਾਜਕ ਇਕਜੁਟਤਾ ਬਰਕਰਾਰ ਰਹਿੰਦੀ ਹੈ।

(2) ਘੱਟ ਗਿਣਤੀ ਭਾਸ਼ਾ ਬਹੁਗਿਣਤੀ ਭਾਸ਼ਾ ਨਾਲ ਜੋੜ ਦੇਣੀ ਚਾਹੀਦੀ ਹੈ।

(3) 'ਇਕ ਭਾਸ਼ਾ' ਨੀਤੀ ਇਕ ਵਿਭਿੰਨ ਸਮਾਜ ਵਿੱਚ ਬਣਾਉਣੀ ਚਾਹੀਦੀ ਹੈ।

(4) ਭਾਸ਼ਾ, ਪਛਾਣ ਅਤੇ ਸੱਭਿਆਚਾਰ ਦੇ ਵੱਖ-ਵੱਖ ਵਜੂਦ ਹਨ।

**118.** ਭਾਸ਼ਾ ਦੇ ਕਿਹੜੇ ਕੌਸ਼ਲ ਨੂੰ ਗ੍ਰਹਿਣ ਸ਼ੀਲਤਾ ਵਾਲਾ ਕੌਸ਼ਲ ਕਿਹਾ ਜਾਂਦਾ ਹੈ ?

(1) ਸ਼੍ਰਵਣ ਤੇ ਬੋਲ (2) ਬੋਲ ਤੇ ਲੇਖਣ (3) ਪੜ੍ਹਤ ਤੇ ਲੇਖਣ (4) ਸ਼੍ਰਵਣ ਤੇ ਪੜ੍ਹਤ

**119.** ਸ਼੍ਰਵਨ ਵਿੱਚ ਸ਼ਾਮਲ ਹੈ :

(1) ਧੁਨੀਆਂ ਨੂੰ ਸੁਣਨਾ ਅਤੇ ਧੁਨੀਆਂ ਨੂੰ ਜਿਉਂ ਦਾ ਤਿਉਂ ਡੀਕੋਡ ਕਰਨਾ।

(2) ਵਿਸ਼ੇ ਦਾ ਅਨੁਮਾਨ ਲਗਾਉਣਾ।

(3) ਵਿਸ਼ੇ ਦੇ ਪੂਰਵ ਗਿਆਨ ਦੀ ਵਰਤੋਂ।

(4) ਧੁਨੀਆਂ ਦੀ ਪਛਾਣ ਕਰਕੇ ਇਨ੍ਹਾਂ ਵਿਚੋਂ ਅਰਥ ਦਾ ਪਤਾ ਲਗਾਉਣਾ।

**120.** **ਕਾਲਮ 'A'** ਵਿੱਚ ਭਾਸ਼ਾ ਅਧਿਆਪਨ ਵਿਧੀਆਂ ਦਾ ਉਨ੍ਹਾਂ ਦੀ ਸਮਝ ਜਾਂ **ਕਾਲਮ 'B'** ਵਿਚ ਸੰਬੰਧਤ ਗਤੀਵਿਧੀਆਂ ਨਾਲ ਮਿਲਾਣ ਕਰੋ:

| | **ਕਾਲਮ 'A'** | | **ਕਾਲਮ 'B'** |
|---|---|---|---|
| (a) | ਸੰਚਾਰਾਤਮਕ ਭਾਸ਼ਾ ਅਧਿਆਪਨ | (i) | ਸਮਾਜਕ ਤੌਰ 'ਤੇ ਪ੍ਰਵਾਨਯੋਗ ਅਤੇ ਸੰਦਰਭ ਵਜੋਂ ਢੁੱਕਵੀਂ ਭਾਸ਼ਾ |
| (b) | ਪ੍ਰਤੱਖ ਵਿਧੀ | (ii) | ਮੂਕ ਪੜ੍ਹਤ |
| (c) | ਵਿਆਕਰਨ ਅਨੁਵਾਦ | (iii) | ਸਾਹਿਤਕ ਪਾਠਾਂ ਦਾ ਲੇਖਣ |
| (d) | ਪੱਛਮ ਦੀ ਨਵੀਂ ਵਿਧੀ | (iv) | ਵਿਆਕਰਨ ਦਾ ਆਗਮਨਾਤਮਿਕ ਅਧਿਆਪਨ |

(1) (a)-(i), (b)-(iv), (c)-(iii), (d)-(ii)

(2) (a)-(iv), (b)-(ii), (c)-(iii), (d)-(i)

(3) (a)-(iii), (b)-(i), (c)-(ii), (d)-(iv)

(4) (a)-(ii), (b)-(i), (c)-(iv), (d)-(iii)

ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

Candidates should attempt the questions from **Part-V (Q.No. 121-150)**, if they have opted **PUNJABI** as **Language-II** only.

## PART-V

## LANGUAGE-II

## PUNJABI

ਉਮੀਦਵਾਰ **ਭਾਗ-V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-II** ਵਜੋਂ ਚੁਣਿਆ ਹੈ।

**ਨਿਰਦੇਸ਼: ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (121-128) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ:**

'ਮੇਲਾ' ਸ਼ਬਦ 'ਮੇਲ ਮਿਲਾਪ' ਦੀ ਉਕਤੀ ਨਾਲ ਸੰਬੰਧ ਰੱਖਦਾ ਹੈ। ਮੌਜ-ਮੇਲਾ ਜਾਂ ਮੇਲਾ-ਗੇਲਾ ਸ਼ਬਦਾਂ ਦਾ ਪ੍ਰਯੋਗ ਅਕਸਰ ਖੁਸ਼ੀ ਦੇ ਇਜ਼ਹਾਰ ਵਜੋਂ ਹੀ ਕੀਤਾ ਜਾਂਦਾ ਹੈ। ਮੇਲਾ-ਮੇਲੀਆਂ ਦਾ, ਯਾਰਾਂ ਬੇਲੀਆਂ ਦਾ, ਇਸੇ ਲਈ ਹੁੰਦਾ ਹੈ ਕਿਉਂਕਿ ਮੇਲੇ ਵਿੱਚ ਚਿਰੀ-ਵਿਛੁੰਨੇ ਯਾਰ ਮਿਲ ਜਾਂਦੇ ਹਨ।ਇਸ ਲਈ ਮੇਲੇ 'ਮੇਲ ਮਿਲਾਪ' ਦਾ ਉਤਸਵ ਹੁੰਦੇ ਹਨ। ਮਾਨਵੀ ਸੱਭਿਅਤਾ ਦੇ ਇਤਿਹਾਸ ਅੰਦਰ ਇਸ ਗੱਲ ਦਾ ਸੰਕੇਤ ਕਿਤੇ ਵੀ ਪ੍ਰਾਪਤ ਨਹੀਂ ਹੁੰਦਾ ਕਿ ਮੇਲੇ ਕਦੋਂ, ਕਿਉਂ ਅਤੇ ਕਿਵੇਂ ਸ਼ੁਰੂ ਹੋਏ ਹਨ। ਪਰ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਜਦੋਂ ਪੁਰਾਤਨ ਮਨੁੱਖ ਆਪਣੇ ਸ਼ਿਕਾਰ ਦੇ ਕਾਰਜ ਤੋਂ ਵਿਹਲਾ ਹੁੰਦਾ ਸੀ ਜਾਂ ਫੇਰ ਕਿਸੇ ਵਿਰੋਧੀ ਕਬੀਲੇ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਸੀ ਤਾਂ ਉਹ ਖੁਸ਼ੀ ਸਾਂਝੀ ਕਰਨ ਲਈ ਆਪਣੇ ਦੂਸਰੇ ਸਾਥੀਆਂ ਨੂੰ ਇਕੱਤਰ ਕਰਕੇ ਨੱਚਦਾ, ਗਾਉਂਦਾ, ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਸੀ, ਤਾਂ ਇਹ ਜਸ਼ਨ ਮੇਲੇ ਦਾ ਹੀ ਮੁੱਢਲਾ ਰੂਪ ਹੁੰਦੇ ਸਨ। ਅਜਿਹੇ ਜਸ਼ਨ ਮਨਾਉਂਦੇ ਸਮੇਂ ਮਨੁੱਖ ਉਨ੍ਹਾਂ ਦੈਵੀ-ਸ਼ਕਤੀਆਂ ਦੀ ਪੂਜਾ ਨੂੰ ਪ੍ਰਾਥਮਿਕਤਾ ਦਿੰਦਾ ਰਿਹਾ ਹੈ, ਜਿਹੜੀਆਂ ਲੋਕ-ਵਿਸ਼ਵਾਸ਼ਾਂ ਅਨੁਸਾਰ ਮਾਨਵੀ ਜੀਵਨ ਦੀ ਹੋਂਦ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਜਦੋਂ ਨਿਸ਼ਚਿਤ ਸਮੇਂ ਅਨੁਸਾਰ ਨਿਸ਼ਚਿਤ ਸਥਾਨ ਉੱਤੇ ਅਜਿਹੇ ਜਸ਼ਨ ਵਾਰ-ਵਾਰ ਮਨਾਏ ਜਾਣ ਲੱਗੇ ਤਾਂ ਮੁੱਢਲੀ ਕਿਸਮ ਦੇ ਮੇਲੇ ਹੋਂਦ ਵਿੱਚ ਆਉਂਦੇ ਗਏ। ਜਿਵੇਂ-ਜਿਵੇਂ ਸਮਾਜਕ-ਆਰਥਿਕ ਹਾਲਤਾਂ ਵਿੱਚ ਤਬਦੀਲੀਆਂ ਆਉਂਦੀਆਂ ਗਈਆਂ, ਉਵੇਂ ਹੀ ਮੇਲਿਆਂ ਦਾ ਆਯੋਜਨ, ਪ੍ਰਯੋਜਨ ਅਤੇ ਸਰੂਪ ਵੀ ਬਦਲਦਾ ਰਿਹਾ ਹੈ।

ਪੰਜਾਬ ਵਿੱਚ ਬਹੁ-ਗਿਣਤੀ ਮੇਲੇ ਧਾਰਮਿਕ ਰੰਗਤ ਵਾਲੇ ਹੀ ਰਹੇ ਹਨ, ਪਰ ਇਹਨਾਂ ਮੇਲਿਆਂ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਅਜਿਹੇ ਮੇਲੇ ਮੁੱਢ ਵਜੋਂ ਭਾਵੇਂ ਧਾਰਮਿਕ ਹੁੰਦੇ ਹਨ, ਸੁਭਾਅ ਪੱਖੋਂ ਲੌਕਿਕ ਹੀ ਰਹੇ ਹਨ। ਕਿਸੇ ਨਿਸ਼ਚਿਤ ਦਿਨ, ਕਿਸੇ ਇਕ ਵਡੇਰੇ ਦੀ ਸੰਤਾਨ, ਕੋਈ ਵਿਸ਼ੇਸ਼ ਕਬੀਲਾ ਜਾਂ ਜਾਤੀ ਸਮੂਹ ਦੇ ਲੋਕ ਜਦੋਂ ਆਪਣੇ ਵਡੇਰੇ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਇੱਕਤਰ ਹੁੰਦੇ ਹਨ ਤਾਂ ਅਜਿਹਾ ਸਮਾਂ ਸ਼ਹੀਦੀ ਦਿਹਾੜਾ ਨਾ ਰਹਿ ਕੇ ਇਕ ਮਨੋਰੰਜਨ ਲਈ ਮੇਲੇ ਦਾ ਰੂਪ ਧਾਰਨ ਕਰ ਜਾਂਦਾ ਹੈ । ਇਸੇ ਤਰ੍ਹਾਂ ਕਿਸੇ ਦੈਵੀ ਸ਼ਕਤੀ ਦੀ ਮੰਨਤ-ਮਨਾਉਤ, ਕਿਸੇ ਦੇਵੀ- ਦੇਵਤੇ ਜਾਂ ਪੀਰ ਫਕੀਰ ਦੀ ਕਰੋਪੀ ਦੇ ਡਰ ਨਾਲ ਜਾਂ ਉਸ ਦੀ 'ਮਿਹਰ ਪ੍ਰਾਪਤੀ' ਦੇ ਅਹਿਸਾਸ ਨਾਲ ਇਕੱਤਰ ਹੋਏ ਲੋਕ-ਸਮੂਹ ਭਾਵੇਂ ਧਾਰਮਿਕ ਭਾਵਨਾ ਨਾਲ ਇਕੱਤਰ ਹੁੰਦੇ ਹਨ, ਪਰੰਤੂ ਅਜਿਹਾ ਕਰਦੇ ਸਮੇਂ ਵੀ ਉਹ ਦੁਨੀਆਦਾਰੀ ਦਾ ਅਮਲ ਨਿਭਾਉਂਦੇ ਰਹਿੰਦੇ ਹਨ।

**121.** ਪੈਰੇ ਅਨੁਸਾਰ ਹੇਠ ਲਿਖਿਆਂ ਵਿੱਚੋਂ ਕਿਹੜਾ ਮੇਲੇ ਨਾਲ ਸੰਬੰਧਤ ਨਹੀਂ?

(1) ਮੰਨਤ (2) ਦੈਵੀ ਸ਼ਕਤੀ (3) ਰੈਪ ਸੰਗੀਤ (4) ਮੇਲ ਮਿਲਾਪ

**122.** ਉਪਰੋਕਤ ਪੈਰੇ ਅਨੁਸਾਰ ਮੇਲੇ ਕਦੋਂ ਮਨਾਉਣੇ ਸ਼ੁਰੂ ਹੋਏ?

(1) ਪਤਾ ਨਹੀਂ (2) ਸੌ ਸਾਲ ਪਹਿਲਾਂ (3) ਤਿੰਨ ਸੌ ਸਾਲ ਪਹਿਲਾਂ (4) ਪੰਜਾਹ ਸਾਲ ਪਹਿਲਾਂ

**123.** ਪੈਰੇ ਅਨੁਸਾਰ ਸ਼ਰਧਾਂਜਲੀ ਕਿਸ ਨੂੰ ਦਿੱਤੀ ਜਾਂਦੀ ਹੈ?

(1) ਬੱਚੇ ਨੂੰ (2) ਵਡੇਰੇ ਨੂੰ (3) ਔਰਤ ਨੂੰ (4) ਜੁਆਨ ਨੂੰ

**124.** ਪੰਜਾਬ ਦੇ ਬਹੁਤੇ ਮੇਲੇ ਕਿਹੜੀ ਰੰਗਤ ਵਾਲੇ ਰਹੇ ਹਨ?

(1) ਸਿਆਸੀ (2) ਆਰਥਿਕ (3) ਧਾਰਮਿਕ (4) ਰਾਜਨੀਤਿਕ

**125.** 'ਨਿਸ਼ਚਿਤ' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?

(1) ਕੱਚਾ (2) ਆਰਜ਼ੀ (3) ਪੱਕਾ (4) ਅਸਥਾਈ

**126.** 'ਇੱਕਤਰ' ਦਾ ਵਿਰੋਧੀ ਸ਼ਬਦ ਚੁਣੋ :

(1) ਖਿੰਡਾਉਣਾ (2) ਇੱਕਠਾ (3) ਜੋੜਨਾ (4) ਸੰਧੀ

**127.** ਉਪਰੋਕਤ ਪੈਰੇ ਦਾ ਸਿਰਲੇਖ ਦੱਸੋ?

(1) ਮਾਨਵੀ ਸਭਿਅਤਾ (2) ਪੁਰਾਤਨ ਮਨੁੱਖ (3) ਜਾਤੀ-ਸਮੂਹ (4) ਮੇਲੇ

**128.** ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਚੁਣੋ :

(1) ਤਬਦੀਲੀਆਂ-ਆਉਂਦੀਆਂ (2) ਸਮਾਜਕ-ਆਰਥਿਕ

(3) ਨਿਸ਼ਚਿਤ-ਸਮੇਂ (4) ਮੁੱਢਲੀ-ਕਿਸਮ

**ਨਿਰਦੇਸ਼: ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (129 -135) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ:**

ਸੱਸ-ਨੂੰਹ ਅਤੇ ਨਨਾਣ-ਭਰਜਾਈ ਦਾ ਰਿਸ਼ਤਾ ਸੁਭਾਅ ਵਜੋਂ ਝਗੜੇ ਤੇ ਈਰਖਾ ਵਾਲਾ ਹੁੰਦਾ ਹੈ। ਬਹੁਤ ਸਾਰੇ ਸਮਾਜ-ਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਹ ਭਾਵਨਾ ਇਸਤਰੀ ਵੱਲੋਂ ਮਰਦ ਉੱਤੇ ਕਾਬਜ਼ ਹੋਣ ਦੀ ਰੁਚੀ ਵਿੱਚੋਂ ਪੈਦਾ ਹੋਈ ਹੈ। ਸਥਾਈ ਵਿਆਹ ਪ੍ਰਥਾ ਤੋਂ ਪਹਿਲਾਂ ਜਦੋਂ ਔਰਤ-ਮਰਦ ਸੰਬੰਧਾਂ ਵਿਚ ਕਬਜ਼ੇ ਦੀ ਭਾਵਨਾ ਨਹੀਂ ਸੀ, ਉਸ ਸਮੇਂ ਅਜਿਹਾ ਸੰਕਟ ਨਹੀਂ ਸੀ। ਪਤਨੀ ਪਤੀ ਦੇ ਰੂਪ ਵਿੱਚ ਮਰਦ ਨੂੰ ਕੇਵਲ ਆਪਣਾ ਬਣਾਉਣਾ ਲੋਚਦੀ ਹੈ। ਪਰ ਮਾਂ-ਪੁੱਤਰ ਦੇ ਪਾਲਣ-ਪੋਸ਼ਣ ਦੇ ਇਵਜ਼ ਵਿੱਚ ਜੀਂਦੇ ਜੀਅ ਉਸ ਨੂੰ 'ਆਪਣਾ' ਬਣਾ ਕੇ ਰੱਖਣਾ ਚਾਹੁੰਦੀ ਹੈ। ਵਿਆਹ ਤੋਂ ਪਹਿਲਾਂ ਮਾਂ ਹੀ ਪੁੱਤਰ ਦੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਕਰਦੀ ਹੈ। ਬਦਲੇ ਵਿੱਚ ਪੁੱਤਰ ਮਾਂ ਨੂੰ ਸਨੇਹ ਦਿੰਦਾ ਹੈ ਪਰ ਵਿਆਹ ਤੋਂ ਮਗਰੋਂ ਪਤਨੀ ਅਤੇ ਸੱਸ ਵਿਚਕਾਰ ਤਣਾਉ ਦੀ ਸਥਿਤੀ ਬਣ ਜਾਂਦੀ ਹੈ ।

**129.** ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ?

(1) ਸਮਾਜ-ਸ਼ਾਸਤਰੀ (2) ਔਰਤ-ਮਰਦ (3) ਸੱਸ-ਨੂੰਹ (4) ਰਿਸ਼ਤਾ-ਸੁਭਾਅ

**130.** ਪੁੱਤਰ ਨੂੰ ਕੌਣ ਆਪਣਾ ਬਣਾ ਕੇ ਰੱਖਦਾ ਹੈ?

(1) ਮਾਮਾ (2) ਭਰਜਾਈ (3) ਪਿਤਾ (4) ਮਾਂ

**131.** 'ਰੋਜ਼ਾਨਾ' ਦਾ ਵਿਰੋਧੀ ਸ਼ਬਦ ਚੁਣੋ :

(1) ਕਦੇ-ਕਦੇ (2) ਨਿਯਮਤ (3) ਹਰ ਰੋਜ਼ (4) ਰੋਜ਼-ਰੋਜ਼

**132.** ਸੱਸ, ਨੂੰਹ ਨੂੰ ਕੀ ਕਰਦੀ ਹੈ?

(1) ਪਿਆਰ (2) ਦੁਲਾਰ (3) ਈਰਖਾ (4) ਮੋਹ

**133.** ਪੈਰੇ ਅਨੁਸਾਰ ਨਨਾਣ-ਭਰਜਾਈ ਦਾ ਰਿਸ਼ਤਾ ਕਿਹੋ-ਜਿਹਾ ਹੁੰਦਾ ਹੈ?

(1) ਪਿਆਰ ਵਾਲਾ (2) ਝਗੜੇ ਵਾਲਾ (3) ਮੋਹ ਵਾਲਾ (4) ਮੁਹੱਬਤ ਵਾਲਾ

**134.** ਉਪਰੋਕਤ ਪੈਰੇ ਦਾ ਸਿਰਲੇਖ ਦੱਸੋ :

(1) ਵਿਆਹ (2) ਸਮਾਜ-ਸ਼ਾਸਤਰੀ (3) ਸਥਾਈ ਵਿਆਹ (4) ਸੱਸ-ਨੂੰਹ

**135.** ਸੱਸ ਤੇ ਨੂੰਹ ਵਿਚਕਾਰ ਝਗੜਾ ਕਦੋਂ ਸ਼ੁਰੂ ਹੁੰਦਾ ਹੈ?

(1) ਧੀ ਦੇ ਵਿਆਹ ਮਗਰੋਂ (2) ਪੁੱਤਰ ਦੇ ਵਿਆਹ ਮਗਰੋਂ

(3) ਪੋਤਰਾ ਪੈਦਾ ਹੋਣ ਤੋਂ ਬਾਅਦ (4) ਪੋਤਰੀ ਪੈਦਾ ਹੋਣ ਤੋਂ ਬਾਅਦ

**136.** ਉਹ ਕਿਹੜਾ ਜੰਤਰ ਹੈ, ਜੋ ਆਨਲਾਈਨ ਅਧਿਆਪਨ ਦੇ ਬਹੁਤ ਸਾਰੇ ਸਮਕਾਲੀ ਤੇ ਗੈਰ-ਸਮਕਾਲੀ ਮੌਕਿਆਂ ਨੂੰ ਮੰਨਦਾ ਹੈ?

(1) ਪਾਠ-ਪੁਸਤਕ (2) ਰੇਲਵੇ ਟਿਕਟ (3) ਟੈਲੀਵਿਜ਼ਨ (4) ਪੈਡਲੇਟ

**137.** ਕਿਹੜਾ ਜੰਤਰ ਫਾਰਮੇਟਿਵ ਮੁਲਾਂਕਨ ਲਈ ਪ੍ਰਮਾਣਿਕ ਨਹੀਂ ਹੈ?

(1) ਅਸਾਈਨਮੈਂਟ (2) ਪੇਪਰ ਪੈਂਸਿਲ ਟੈਸਟ (3) ਪ੍ਰੋਜੈਕਟ (4) ਕਲਾਸ ਪ੍ਰੈਜ਼ੈਂਟੇਸ਼ਨ

**138.** ਰੋਜ਼ਾਨਾ ਦੀਆਂ ਵਸਤਾਂ ਦੀ ਵਰਤੋਂ ਨਾਲ ਭਾਸ਼ਾ ਪੜ੍ਹਾਉਣ ਨੂੰ ਕਿਹਾ ਜਾਂਦਾ ਹੈ ____________।

(1) ਰੇਲੀਆ (2) ਭਾਸ਼ਾ ਦੀਆਂ ਖੇਡਾਂ (3) ਅਧਿਆਪਨ ਸਮੱਗਰੀ (4) ਟੈਕਸਟ

**139.** ਸਿੱਖਿਆ ਨੀਤੀ ਵਿੱਚ ਭਾਰਤੀ ਭਾਸ਼ਾ (ਤ੍ਰੈਭਾਸ਼ੀ-ਫਾਰਮੂਲਾ) ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਹੈ?

(1) ਬਹੁਭਾਸ਼ੀ ਸਿੱਖਿਆ (2) ਇਕਭਾਸ਼ੀ ਸਿੱਖਿਆ

(3) ਹਿੰਦੀ ਉਤੇ ਬਲ ਦੇਣ ਨਾਲ ਦੁਭਾਸ਼ੀ ਸਿੱਖਿਆ (4) ਮਾਂ-ਬੋਲੀ ਅਧਾਰਿਤ ਬਹੁਭਾਸ਼ਾਵਾਦ

**140.** ਟੌਪ ਡਾਊਨ ਪ੍ਰਕਿਰਿਆ ਬਾਰੇ ਕਿਹੜਾ ਸਹੀ ਨਹੀਂ ਹੈ?

(1) ਸਿਖਿਆਰਥੀ ਆਪਣੇ ਪੂਰਬਲੇ ਗਿਆਨ ਉੱਤੇ ਨਿਰਭਰ ਕਰਦੇ ਹਨ।

(2) ਸਿਖਿਆਰਥੀ ਅਰਥ ਦਾ ਅਨੁਮਾਨ ਲਗਾਉਂਦੇ ਹਨ।

(3) ਸਿਖਿਆਰਥੀ ਦੁਨਿਆਵੀ ਗਿਆਨ ਦੀ ਵਰਤੋਂ ਕਰਦੇ ਹਨ।

(4) ਸਿਖਿਆਰਥੀਆਂ ਨੂੰ ਹਰੇਕ ਸ਼ਬਦ ਸਮਝਣ ਦੀ ਲੋੜ ਹੈ।

**141.** ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਕਦੋਂ ਮਨਾਇਆ ਜਾਂਦਾ ਹੈ?

(1) 1 ਜਨਵਰੀ (2) 14 ਫ਼ਰਵਰੀ (3) 21 ਫਰਵਰੀ (4) 13 ਅਪ੍ਰੈਲ

**142.** ਤੁਸੀਂ ਉਸ ਈਮੇਲ ਦੀ ਕਿਸਮ ਨੂੰ ਪਛਾਣੋ ਜੋ ਤੁਸੀਂ ਆਪਣੇ ਕੁਲੀਗ ਨੂੰ ਲਿਖ ਰਹੇ ਸੀ, ਤੇ ਉਹ ਤੁਹਾਡਾ ਦੋਸਤ ਹੈ?

(1) ਗੈਰਸਮੀ (2) ਰਸਮੀ (3) ਵਪਾਰਕ (4) ਪੱਤਰਾਚਾਰ

**143.** ਵਿਦਿਆਰਥੀ ਦੀ ਸਿਖਲਾਈ ਤੇ ਸਮਝ ਨੂੰ ਸਪੱਸ਼ਟ ਕਰਨ ਲਈ ਅਧਿਐਨ-ਅਧਿਆਪਨ ਦੀ ਪ੍ਰਕਿਰਿਆ ਰਾਹੀਂ ਕੀਤਾ ਗਿਆ ਮੁਲਾਂਕਨ ਹੈ :

(1) ਸਿਖਲਾਈ ਲਈ ਮੁਲਾਂਕਨ (2) ਸਿਖਲਾਈ ਦਾ ਮੁਲਾਂਕਨ

(3) ਸਿਖਲਾਈ ਵਿਚ ਮੁਲਾਂਕਨ (4) ਸਿਖਲਾਈ ਵਜੋਂ ਮੁਲਾਂਕਨ

**144.** ਭਾਸ਼ਾ ਦੀ ਦੂਜੀ ਜਮਾਤ ਵਿਚ ਇਕ ਅਧਿਆਪਕ ਨੇ 'ਸਿਹਤ ਖ਼ਜ਼ਾਨਾ ਹੈ' ਉੱਤੇ ਇਕ ਆਡੀਓ ਚਲਾਇਆ। ਫਿਰ ਉਸ ਨੇ ਹੈਂਡਆਉਟ ਵੰਡ ਕੇ ਵਿਦਿਆਰਥੀਆਂ ਨੂੰ ਦਿੱਤੇ ਗਏ ਵਿਕਲਪਾਂ ਵਿਚੋਂ ਸਹੀ ਉੱਤਰ ਚੁਣਨ ਲਈ ਕਿਹਾ। ਸਬਕ ਦਾ ਉਦੇਸ਼ ਸਿਖਿਆਰਥੀਆਂ ਨੂੰ ____________ ਦੇ ਯੋਗ ਬਣਾਉਣਾ ਸੀ।

(1) ਸਿਹਤ ਉੱਤੇ ਸਬਕ ਨੂੰ ਸੁਣਨ

(2) ਸਿਖਿਆਰਥੀਆਂ ਨੂੰ ਇਕ ਟਾਸਕ ਵਿਚ ਵਿਅਸਤ ਰੱਖਣ

(3) ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਲਈ ਸੁਣਨ

(4) ਸਿਹਤ ਤੇ ਖ਼ਜ਼ਾਨੇ ਉੱਤੇ ਸਬਕ ਨੂੰ ਯਾਦ ਕਰਨ

**145.** ਭਾਸ਼ਾ-ਸਿੱਖਿਆ ਵਿੱਚ ਕਿਹੜਾ ਗ਼ਲਤੀਆਂ ਬਾਰੇ ਸਹੀ ਨਹੀਂ?

(1) ਗ਼ਲਤੀਆਂ ਭਾਸ਼ਾ ਸਿੱਖਿਆ ਦੀ ਪ੍ਰਕਿਰਿਆ ਵਿਚ ਰੁਕਾਵਟ ਬਣਦੀਆਂ ਹਨ।

(2) ਗ਼ਲਤੀਆਂ ਹਮੇਸ਼ਾ ਖ਼ਰਾਬ ਨਹੀਂ ਹੁੰਦੀਆਂ ਸਗੋਂ ਸਿੱਖਣ ਵਿਚ ਮਦਦਗਾਰ ਹੁੰਦੀਆਂ ਹਨ।

(3) ਗ਼ਲਤੀਆਂ ਭਾਸ਼ਾ ਸਿੱਖਣ ਦੀ ਪ੍ਰਕਿਰਿਆ ਦਾ ਮਹੱਤਵਪੂਰਨ ਪੱਖ ਹਨ।

(4) ਗ਼ਲਤੀਆਂ ਦੂਜੀ ਭਾਸ਼ਾ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ ਸਹਾਇਕ ਹੁੰਦੀਆਂ ਹਨ।

**146.** ਭਾਸ਼ਾ ਦੀ ਸਿੱਖਿਆ ਵਿੱਚ ਸਿਰਜਨਾਤਮਕਤਾ ਹੈ :

(1) ਜਮਾਤ ਦੇ ਖੁੱਲ੍ਹੇ ਟਾਕਸ, ਜੋ ਵੱਖ-ਵੱਖ ਵਿਆਖਿਆਵਾਂ ਅਤੇ ਉੱਤਰਾਂ ਦੀ ਆਗਿਆ ਦਿੰਦੇ ਹਨ।

(2) ਕੁਝ ਸਮਝਣ ਲਈ ਵੱਖ-ਵੱਖ ਵਿਸ਼ਿਆਂ ਤੋਂ ਮਿਲੇ-ਜੁਲੇ ਤੱਤ।

(3) ਅਧਿਆਪਨ ਦੀਆਂ ਨਵੀਆਂ ਵਿਧੀਆਂ ਦੀ ਵਰਤੋਂ ਨਾਲ ਜਮਾਤ ਦੀ ਗਤੀਵਿਧੀ।

(4) ਸੰਚਾਰਾਤਮਕ ਭਾਸ਼ਾ ਅਧਿਆਪਨ ਦੀ ਵਰਤੋਂ ਨਾਲ ਜਮਾਤ ਦੀ ਸਮੱਗਰੀ।

**147.** ਸਿਖਿਆਰਥੀਆਂ ਨੂੰ ਭਾਸ਼ਾ ਤੋਂ ਜਾਣੂ ਕਰਾਉਣਾ ਚਾਹੀਦਾ ਹੈ ਅਤੇ ਗ਼ਲਤੀਆਂ ਇਸ ਗੱਲ ਦਾ ਗਵਾਹ ਹਨ ਕਿ ਸਿਖਲਾਈ ਹੋ ਰਹੀ ਹੈ। ਇਸ ਦੀ ਵਕਾਲਤ ਕੌਣ ਕਰਦਾ ਹੈ?

(1) ਵਿਵਹਾਰਵਾਦੀ (2) ਬੋਧਵਾਦੀ (3) ਮਾਨਵਤਾਵਾਦੀ (4) ਮਨੋਵਿਗਿਆਨਵਾਦੀ

148. ਹੇਠ ਲਿਖਿਆਂ ਵਿਚੋਂ ਕਿਹੜਾ ਬਿਆਨ ਠੀਕ ਹੈ?

(a) ਡਿਸਲੈਕਸੀਆ ਪੜ੍ਹਤ ਦਾ ਇਕ ਵਿਕਾਰ ਹੈ।

(b) ਡਿਸਗਰਾਫ਼ੀਆ ਲੇਖਣ ਦਾ ਇਕ ਵਿਕਾਰ ਹੈ।

(c) ਡਿਸਗਰਾਫ਼ੀਆ ਪੜ੍ਹਤ ਦਾ ਇਕ ਵਿਕਾਰ ਹੈ।

(d) ਡਿਸਲੈਕਸੀਆ ਲੇਖਣ ਦਾ ਇਕ ਵਿਕਾਰ ਹੈ।

(1) ਸਿਰਫ (a) ਠੀਕ ਹੈ। (2) ਸਿਰਫ (b) ਤੇ (d) ਠੀਕ ਹਨ।

(3) (a) ਤੇ (b) ਦੋਵੇਂ ਠੀਕ ਹਨ। (4) (c) ਤੇ (d) ਦੋਵੇਂ ਠੀਕ ਹਨ।

149. ਇਕ ਸਰਕਾਰੀ ਸਕੂਲ਼ ਦੀ ਅਧਿਆਪਕ ਰੀਟਾ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਪੜ੍ਹਾਉਣ ਵਾਸਤੇ ਦਰਸ਼ਨੀ ਜੰਤਰਾਂ ਅਤੇ ਭਾਸ਼ਾ ਦੀਆਂ ਖੇਡਾਂ ਦੀ ਵਰਤੋਂ ਕਰਦੀ ਹੈ । ਰੀਟਾ ਅਧਿਆਪਨ ਦਾ ਕਿਹੜਾ ਸਿਧਾਂਤ ਲਾਗੂ ਕਰ ਰਹੀ ਹੈ?

(1) ਪ੍ਰਕਿਰਤਕ ਪ੍ਰਕਿਰਿਆ ਦਾ ਸਿਧਾਂਤ (2) ਅਭਿਆਸ ਤੇ ਆਦਤ ਪਾਉਣ ਵਾਲਾ ਸਿਧਾਂਤ

(3) ਪ੍ਰੇਰਨਾ ਤੇ ਰੁਚੀ ਦਾ ਸਿਧਾਂਤ (4) ਜੀਵਨ ਨਾਲ ਸੰਬੰਧ ਰੱਖਣ ਵਾਲਾ ਸਿਧਾਂਤ

150. ਉਹ ਕਿਹੜੀ ਕਹਾਣੀ ਹੈ, ਜਿਸ ਵਿਚ ਜਾਨਵਰ ਮੁੱਖ ਪਾਤਰਾਂ ਵਜੋਂ ਹੁੰਦੇ ਹਨ ਅਤੇ ਉਹ ਸਪੱਸ਼ਟ ਨੈਤਿਕ ਸੰਦੇਸ਼ ਦਿੰਦੀ ਹੈ?

(1) ਕਾਲਪਨਿਕ (2) ਕਥਾ (3) ਸਾਇੰਸ ਫਿਕਸ਼ਨ (4) ਸਫ਼ਰਨਾਮਾ

**- o O o -**

SPACE FOR ROUGH WORK

## ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਵੱਖੋ-ਵੱਖਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸਟ ਬੁਕਲਿਟ ਵਿੱਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿੱਚ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ (Attendance Sheet) ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿੱਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿੱਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੇ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ ਇਥੋਂ ਤਕ ਕਿ ਬੰਦ ਹਾਲਤ ਵਿਚ ਵੀ ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾਂ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਇਮਿਤਿਹਾਨ ਵਿੱਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਤੇ ਪ੍ਰੀਖਿਆ ਰੱਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ ’ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਤਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੇ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਤਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ। **ਪਰੀਖਿਆਰਥੀ ਆਪਣੇ ਖੱਬੇ ਹੱਥ ਦੇ ਅੰਗੂਠੇ ਦੇ ਨਿਸ਼ਾਨ ਨੂੰ ਹਾਜ਼ਰੀ-ਪੱਤਰ ਵਿੱਚ ਦਿੱਤੇ ਗਏ ਸਥਾਨ ਦੇ ਜ਼ਰੂਰ ਲਗਾਉਣ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ (Calculator) ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾਂ ਦੀ ਪਾਲਣਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ ’ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें।
6. OMR उत्तर पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार उपस्थिति-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अंगूठे का निशान उपस्थिति-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं। अनुचित साधनों के सभी मामलों का फैसला परीक्षण संस्था के नियमों एवं विनियमों के अनुसार होगा।
14. किसी भी परिस्थिति में परीक्षा पुस्तिका और उत्तर पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व उत्तर पत्र निरीक्षक को अवश्य सौंप दें।** ***परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue / Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet/Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against the candidate including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***